ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
ਦਫ: ਵਣ ਮੰਡਲ ਅਫਸਰ, ਹੁਸ਼ਿਆਰਪੁਰ
ਈ-ਮੇਲ dfohsp@gmail.com
Phon No-01882-250715

ਐੱਫ.ਸੀ.ਏ/ਨੰ.....7333.........
ਮਿਤੀ.....27/1/25.........

ਵਲੋਂ ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਵਿਖੇ ਵਣ ਰੇਂਜ ਅਫਸਰ।
ਹਰਿਆਣਾ ।

ਵਿਸ਼ਾ- Proposal Number: FP/PB/OTHERS/13593/2015 Diversion Of 0.0037 Ha. Of Forest Land For Our Site The Raj Mahal Farms Marriage Palace Situated At Village Hardokhanpur Hoshiarpur To Tanda Road Tehsil And Distt. Hoshiarpur Punjab.

ਹਵਾਲਾ ਇਸ ਦਫਤਰ ਦਾ ਪਿੱਠ ਅੰਕਣ ਨੰ.3563 ਮਿਤੀ.30-10-2024, ਆਪ ਦਾ ਪੱਤਰ ਨੰ 1001 ਮਿਤੀ.08-01-2025.

ਉਪਰਕੋਤ ਵਿਸ਼ੇ ਦੇ ਸਬੰਧ ਵਿੱਚ ਉੱਚ ਅਧਿਕਾਰੀਆਂ ਵੱਲੋਂ ਪਾਰਟ-1 ਅਤੇ ਪਾਰਟ-2 ਨੂੰ ਫਿੱਲਡ ਅਪ ਫਰੈਂਸ਼ ਕਰਕੇ ਪ੍ਰੋਪਜਲ ਭੇਜਣ ਲਈ ਈ.ਡੀ.ਐੱਸ ਲਗਾਈ ਗਈ ਹੈ। ਯੂਜਰ ਏਜੰਸੀ ਵੱਲੋਂ ਫਾਰੈਸਟ ਕਲੀਅਰੈਂਸ ਤਹਿਤ ਪ੍ਰਵਾਨਗੀ ਲੈਣ ਲਈ ਉਕਤ ਪ੍ਰੋਪੋਜਲ ਪਰੀਵੇਸ਼ ਪੋਰਟਲ ਤੇ ਦਸਤਾਵੇਜ ਅਪਡੇਟ ਕਰਕੇ ਆਨਲਾਇਨ ਅਪਲਾਈ ਕੀਤੀ ਗਈ ਹੈ। ਜਿਸ ਸਬੰਧੀ ਆਪ ਵੱਲੋਂ ਫਾਈਲ ਕਾਉਂਟਰ ਸਾਈਨ ਉਪਰੰਤ ਮੰਡਲ ਦਫਤਰ ਭੇਜੀ ਗਈ ਹੈ। ਇਸ ਪ੍ਰੋਪਜਲ ਦੀ ਤਾਜਾ ਸਥਿਤੀ ਅਨੁਸਾਰ ਤਜਵੀਜ ਉੱਚ ਅਧਿਕਾਰੀਆਂ ਨੂੰ ਇਸ ਦਫਤਰ ਵੱਲੋਂ ਵੀ ਪਾਰਟ-2 ਫਰੈਂਸ਼ ਭਰ ਕੇ ਭੇਜੀ ਜਾਣੀ ਹੈ। ਇਸ ਲਈ ਯੂਜ਼ਰ ਏਜੰਸੀ ਨਾਲ ਮਿਤੀ 29-01-2025 ਨੂੰ ਜੁਆਇੰਟ ਇੰਸਪੈਕਸ਼ਨ ਕਰਦੇ ਹੋਏ ਨਿੱਜੀ ਪੱਧਰ ਤੇ ਮੌਕਾ/ਦਸਤਾਵੇਜ਼ ਚੈੱਕ ਕਰਕੇ ਹੇਠ ਲਿਖੇ ਅਨੁਸਾਰ ਨੁਕਤਿਆਂ ਬਾਰੇ ਸਪੱਸ਼ਟ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਕੇਸ ਤੇ ਅਗਲੀ ਕਾਰਵਾਈ ਕੀਤੀ ਜਾ ਸਕੇ:-

1) ਇਸ ਪ੍ਰੋਪੋਜਲ ਅਧੀਨ ਕਿੰਨਾ ਵਣ ਰਕਬਾ/ਕਿੰਨੇ ਰੁੱਖ/ਪੋਲ/ਪਲਾਂਟਸ ਪ੍ਰਭਾਵਿਤ ਹੋਣਗੇ? ਜੇਕਰ ਰੁੱਖ/ਪੋਲ/ਪੌਦੇ ਪ੍ਰਭਾਵਿਤ ਹੋਣਗੇ ਤਾਂ ਉਨ੍ਹਾਂ ਦੀ ਮਾਰਕਿੰਗ ਲਿਸਟ ਸਮੇਤ ਐਬਸਟ੍ਰੈਕਟ ਅੰਗ੍ਰੇਜੀ ਭਾਸ਼ਾ ਵਿੱਚ ਤਿਆਰ ਕਰਕੇ ਭੇਜੀ ਜਾਵੇ ਅਤੇ ਰੁੱਖਾਂ ਦੀ ਮਾਰਕਿੰਗ ਲਿਸਟ ਬਣਾਉਣ ਦੀ ਫੀਸ ਦੀ ਰਸੀਦ ਵੀ ਭੇਜੀ ਜਾਵੇ।

2) ਵਧੀਕ ਪ੍ਰਧਾਨ ਮੁੱਖ ਵਣ ਪਾਲ ਅਤੇ ਨੋਡਲ ਅਫਸਰ (ਐੱਫ.ਸੀ.ਏ.) ਪੰਜਾਬ ਐੱਸ.ਏ.ਐੱਸ. ਨਗਰ ਜੀ ਦਾ ਪੱਤਰ ਨੰ: File No.FOREST-FCA0F-1/25/2021-FCA/I/246115/2021 ਮਿਤੀ 10-09-2021 ਸਮੇਤ ਸਹਿਪੱਤਰ ਜੋਕਿ ਇਸ ਦਫਤਰ ਦੇ ਪਿੱਠ ਅੰਕਣ ਨੰ: 2518-22 ਮਿਤੀ 17-09-2021 ਰਾਹੀਂ ਆਪ ਨੂੰ ਭੇਜਿਆ ਹੋਇਆ ਹੈ, ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਜੇਕਰ ਕੋਈ ਰੁੱਖ/ਪੋਲ/ਪਲਾਂਟਸ ਟਰਾਂਸਲੋਕੇਸ਼ਨ ਕਰਨਯੋਗ ਹੋਵੇ ਤਾਂ ਉਸ ਦੀ ਲਿਸਟ ਵੱਖਰੇ ਤੌਰ ਤੇ ਅੰਗ੍ਰੇਜੀ ਭਾਸ਼ਾ ਵਿੱਚ ਤਿਆਰ ਕਰਕੇ ਸਪੱਸ਼ਟ ਰਿਪੋਰਟ ਸਹਿਤ ਭੇਜੀ ਜਾਵੇ ਅਤੇ ਕਮੇਟੀ ਵੱਲੋਂ ਨਿਰਧਾਰਤ ਰੇਟਾਂ ਅਨੁਸਾਰ ਮੁਕੰਮਲ ਐਸਟੀਮੇਟ ਵੀ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਉਸ ਨੂੰ ਸੀ.ਏ. ਸਕੀਮ ਵਿੱਚ ਸ਼ਾਮਿਲ ਕੀਤਾ ਜਾ ਸਕੇ। ਇਸ ਤੋਂ ਇਲਾਵਾ ਜਿਸ ਜਗ੍ਹਾ ਤੇ ਰੁੱਖਾਂ ਦੀ ਟਰਾਂਸਲੋਕੇਸ਼ਨ ਕੀਤੀ ਜਾਣੀ ਹੈ, ਉਸ ਦਾ ਸਾਈਟ ਸਪੈਸੀਫਿਕ ਸਬੰਧੀ ਸਰਟੀਫਿਕੇਟ, ਜਗ੍ਹਾ ਦੇ ਜੀ.ਪੀ.ਐੱਸ. ਕੁਆਰਡੀਨੇਟ, ਕੇ.ਐੱਮ.ਐੱਲ.ਫਾਈਲ, ਡੀ.ਜੀ.ਪੀ.ਐੱਸ. ਮੈਪ ਵੀ ਭੇਜੇ ਜਾਣ।

3) ਇਸ ਡਾਇਵਰਟ ਹੋਣ ਵਾਲੀ ਪ੍ਰੋਪੋਜਡ ਸਾਈਟ ਅਤੇ ਪ੍ਰੋਜੈਕਟ ਸਾਈਟ ਦਾ ਰਕਬਾ ਪੀ.ਐੱਲ.ਪੀ.ਏ. 1900 ਦੀ ਦਫਾ 4 ਜਾਂ 5 ਜਾਂ ਡੀਲਿਸਟ ਰਕਬੇ ਅਧੀਨ ਤਾਂ ਨਹੀਂ ਆਉਂਦਾ।

4) ਇਸ ਪ੍ਰੋਪੋਜਲ ਅਧੀਨ ਪ੍ਰਭਾਵਿਤ ਹੋਣ ਵਾਲੇ ਵਣ ਰਕਬੇ ਦਾ ਸਪੱਸ਼ਟ ਲੀਗਲ ਸਟੇਟਸ ਕੀ ਹੈ, ਦੱਸਿਆ ਜਾਵੇ।

5) ਇਸ ਡਾਇਵਰਟ ਹੋਣ ਵਾਲੀ ਪ੍ਰੋਪੋਜਡ ਸਾਈਟ ਦੀ ਜੰਗਲ ਦੀ ਹੱਦ ਤੋਂ ਅਨੁਮਾਨਿਤ ਦੂਰੀ ਕਿੰਨੇ ਕਿਲੋਮੀਟਰ ਹੈ?

6) ਯੂਜਰ ਏਜੰਸੀ ਵੱਲੋਂ ਵਣ ਕਾਨੂੰਨਾਂ ਦੀ ਕੋਈ ਉਲੰਘਣਾ ਤਾਂ ਨਹੀਂ ਕੀਤੀ ਗਈ ? ਜੇਕਰ ਉਲੰਘਣਾ ਕੀਤੀ ਗਈ ਹੈ ਤਾਂ ਉਲੰਘਣਾ ਦਾ ਵੇਰਵਾ ਦਿੱਤਾ ਜਾਵੇ।

7) ਜੇਕਰ ਯੂਜਰ ਏਜੰਸੀ ਵੱਲੋਂ ਸਬੰਧਤ ਪ੍ਰੋਪੋਜਡ ਸਾਈਟ ਤੇ ਉਲੰਘਣਾ ਕੀਤੀ ਗਈ ਹੈ ਤਾਂ ਉਲੰਘਣਾ ਕਿਸ ਮਿਤੀ ਨੂੰ ਕੀਤੀ ਗਈ ਹੈ?

8) ਉਲੰਘਣਾ ਸਬੰਧੀ ਯੂਜਰ ਏਜੰਸੀ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਰਿਪੋਰਟ/ਦਸਤਾਵੇਜ ਵੀ ਭੇਜੇ ਜਾਣ।

9) ਕੀ ਉਲੰਘਣਾ ਨੂੰ ਮੌਕੇ ਤੇ ਹੁਣ ਰੋਕ ਦਿੱਤਾ ਗਿਆ ਹੈ?

10) ਇਹ ਡਾਇਵਰਟ ਹੋਣ ਵਾਲੀ ਪ੍ਰੋਪੋਜਡ ਪ੍ਰੋਜੈਕਟ ਸਾਈਟ ਦਾ ਰਕਬਾ ਪ੍ਰੋਟੈਕਿਟਡ ਏਰੀਆ, ਨੈਸ਼ਨਲ ਪਾਰਕ, ਸੈਂਚੁਰੀ ਜਾਂ ਈਕੋ ਸੈਂਸਟਿਵ ਜ਼ੋਨ ਅਧੀਨ ਤਾਂ ਨਹੀਂ ਆਉਂਦਾ।

11) Whether the project is site specific (Yes/No)?, ਬਾਰੇ ਰਿਪੋਰਟ ਕੀਤੀ ਜਾਵੇ।

ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
ਦਫ: ਵਣ ਮੰਡਲ ਅਫਸਰ, ਹੁਸ਼ਿਆਰਪੁਰ
ਈ-ਮੇਲ dfohsp@gmail.com
Phon.No-01882-250715

12) Whether is there any court case/ judgement pertaining to the project proposal or related to diversion of forest land (Yes/No)?, ਬਾਰੇ ਰਿਪੋਰਟ ਕੀਤੀ ਜਾਵੇ।

13) Details of wildlife present in and around the forest land proposed for diversion, ਬਾਰੇ ਰਿਪੋਰਟ ਕੀਤੀ ਜਾਵੇ।

14) ਕੀ ਪ੍ਰੋਪੋਜਡ ਡਾਇਵਰਸ਼ਨ ਸਾਈਟ/ਪ੍ਰੋਜੈਕਟ ਸਾਈਟ ਦਾ ਲੇਅ ਆਉਟ ਪਲੈਨ, ਕੇ.ਐੱਮ.ਐੱਲ. ਫਾਇਲ ਅਤੇ ਡੀ.ਜੀ.ਪੀ.ਐੱਸ. ਮੈਪ ਇੱਕ ਦੂਜੇ ਨਾਲ ਮੈਚ ਕਰਦੇ ਹਨ ਅਤੇ ਮੌਕੇ ਤੇ ਸਾਈਟ ਅਨੁਸਾਰ ਹੀ ਹਨ?, ਬਾਰੇ ਚੈੱਕ ਕਰਕੇ ਰਿਪੋਰਟ ਕੀਤੀ ਜਾਵੇ।

15) ਕੀ ਪ੍ਰੋਪੋਜਲ ਦੀ ਹਾਰਡ ਕਾਪੀ ਅਤੇ ਆਨਲਾਇਨ Form-A (Part-I): Diversion of Forest Land-Common Application Form ਵਿੱਚ ਯੂਜਰ ਏਜੰਸੀ ਵੱਲੋਂ ਭਰੀ ਗਈ ਸੂਚਨਾ/ਡਿਟੇਲ ਨੂੰ ਚੈੱਕ ਕਰ ਲਿਆ ਹੈ ਕਿ ਇਹ ਬਿਲਕੁੱਲ ਸਹੀ ਹੈ ਅਤੇ ਆਪਸ ਵਿੱਚ ਮੇਲ ਖਾਂਦੀ ਹੈ ? ਜੇਕਰ ਕੋਈ ਫਰਕ ਹੋਵੇ ਜਾਂ ਕੋਈ ਦਸਤਾਵੇਜ਼ ਲੋੜੀਂਦਾ ਹੋਵੇ ਤਾਂ ਯੂਜਰ ਏਜੰਸੀ ਨੂੰ ਮੌਕੇ ਤੇ ਉਸ ਬਾਰੇ ਸੂਚਿਤ ਕਰਕੇ ਪ੍ਰਾਪਤ ਕਰ ਲਿਆ ਜਾਵੇ।

16) ਜਿਸ ਖਸਰਾ ਨੰਬਰ ਅਧੀਨ ਡਾਇਵਰਟ ਹੋਣ ਵਾਲਾ ਵਣ ਰਕਬਾ ਆਉਂਦਾ ਹੈ, ਬਾਰੇ ਦੱਸਿਆ ਜਾਵੇ।

17) ਪ੍ਰੋਪੋਜਲ ਸਬੰਧੀ ਆਪਣੀ ਰਿਪੋਰਟ ਸਿਫਾਰਸ਼ (Recommendation) ਸਹਿਤ ਭੇਜੀ ਜਾਵੇ।

ਇਹ ਸਪੱਸ਼ਟ ਲਿਖਿਆ ਜਾਂਦਾ ਹੈ ਕਿ ਫਾਰੈਸਟ ਕਲੀਅਰੈਂਸ ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰ: 7334 ਮਿਤੀ 27/1/25

ਇਸ ਦੀ ਨਕਲ Sh.Gurpreet Singh (RAAJ MARRIAGE PALACE) Village Hardokhanpur Hoshiarpur To Tanda Road Hoshiarpur Email.Id gurpreetsandhar24@gmail.com (Ph.No 9876664418,9041324124) ਨੂੰ ਸੂਚਨਾ ਤੇ ਜਰੂਰੀ ਕਾਰਵਾਈ ਲਈ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਜ਼ੋ ਵਿਸ਼ੇ ਅਧੀਨ ਆਨਲਾਇਨ ਅਪਡੇਟ ਕਰਕੇ ਪ੍ਰੋਪੋਜਲ ਅਪਲਾਈ ਕੀਤੀ ਗਈ ਹੈ। ਇਸ ਸਬੰਧੀ ਮਿਤੀ 29-1-2025 ਨੂੰ ਜੁਆਇੰਟ ਇੰਸਪੈਕਸ਼ਨ ਲਈ ਵਣ ਰੇਂਜ ਅਫਸਰ, ਹਰਿਆਣਾ (ਫੋਨ ਨੰ. 9417175442) ਨੂੰ ਆਪ ਵੱਲੋਂ ਤਜਵੀਜ ਦੇ ਜੋ ਦਸਤਵੇਜ ਸਬਮਿੱਟ ਕੀਤੇ ਗਏ ਹਨ, ਬਾਰੇ ਸਬੰਧਤ ਸਾਈਟ ਦਾ ਮੌਕਾ ਚੈੱਕ ਕਰਵਾਇਆ ਜਾਵੇ। ਇਹ ਵੀ ਸਪੱਸ਼ਟ ਲਿਖਿਆ ਜਾਂਦਾ ਹੈ ਕਿ ਫਾਰੈਸਟ ਕਲੀਅਰੈਂਸ ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।